# ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਦੇ
# ਮੌਜੂਦਾ ਅਤੇ ਯੋਜਨਾਬੱਧ ਤਰੀਕੇ

## ਸਮੁੰਦਰੀ ਵਿਭਾਗ

ਸਾਡਾ ਮਿਸ਼ਨ ਹੈ "ਸਮੁੰਦਰੀ ਸੇਵਾਵਾਂ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਨਾ"। ਬੰਦਰਗਾਹ ਦਾ ਪ੍ਰਬੰਧਕ ਹੋਣ ਦੇ ਨਾਤੇ, ਸਾਡਾ ਪ੍ਰਮੁੱਖ ਕਾਰਜ ਬੰਦਰਗਾਹ ਅਤੇ ਸਮੁੱਚੇ ਹਾਂਗ ਕਾਂਗ ਦੇ ਪਾਣੀਆਂ ਦੇ ਸੁਰੱਖਿਅਤ ਸੰਚਾਲਨ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਹਾਂਗ ਕਾਂਗ ਸ਼ਿਪਿੰਗ ਰਜਿਸਟਰ ਦੇ ਸੰਚਾਲਨ ਅਤੇ ਹਾਂਗ ਕਾਂਗ ਦੇ ਰਜਿਸਟਰਡ ਜਹਾਜ਼ਾਂ ਦੀ ਗੁਣਵੱਤਾ ਦੀ ਰਾਖੀ ਕਰਨਾ ਹੈ। ਅਸੀਂ ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਸਮੁੰਦਰੀ ਸੇਵਾਵਾਂ ਤਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ। ਅਸੀਂ ਬਿਨਾਂ ਕਿਸੇ ਨਸਲੀ[1] ਵਿਤਕਰੇ ਦੇ ਆਪਣੇ ਪੇਸ਼ੇਵਰ ਗਿਆਨ ਅਤੇ ਤਕਨੀਕੀ ਮੁਹਾਰਤ ਨੂੰ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਦੀ ਰਾਖੀ ਲਈ ਸਮਰਪਿਤ ਕਰਨ ਦਾ ਵਾਅਦਾ ਕਰਦੇ ਹਾਂ ਜੋ ਕਿ ਜਹਾਜ਼ਾਂ 'ਤੇ ਕੰਮ ਕਰਦੇ ਹਨ ਜਾਂ ਸਮੁੰਦਰੀ ਯਾਤਰਾ ਕਰਦੇ ਹਨ।

ਸਬੰਧਤ ਸੇਵਾਵਾਂ

ਅਸੀਂ ਵੱਡੇ ਪੱਧਰ 'ਤੇ ਸੇਵਾਵਾਂ ਮੁਹੱਈਆ ਕਰਵਾਉਂਦੇ ਹਾਂ, ਜਿਨ੍ਹਾਂ ਨੂੰ ਮੁੱਖ ਤੌਰ 'ਤੇ ਪੰਜ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ, ਜਿਵੇਂ ਕਿ:

- ਯੋਜਨਾਬੰਦੀ ਅਤੇ ਸੇਵਾਵਾਂ – ਬੰਦਰਗਾਹ ਦੇ ਵਿਕਾਸ ਲਈ ਰਣਨੀਤਕ ਯੋਜਨਾਬੰਦੀ, ਬੰਦਰਗਾਹ ਸੁਰੱਖਿਆ ਪ੍ਰਸ਼ਾਸਨ, ਕ੍ਰਾਸ-ਬਾਊਂਡਰੀ ਫੈਰੀ ਟਰਮੀਨਲ, ਪ੍ਰਦੂਸ਼ਣ ਨਿਯੰਤਰਣ, ਪਬਲਿਕ ਕਾਰਗੋ ਵਰਕਿੰਗ ਏਰੀਆ, ਨੇਵੀਗੇਸ਼ਨ ਅਤੇ ਮੂਰਿੰਗ ਲਈ ਸਹਾਇਤਾ, ਹਾਈਡ੍ਰੋਗ੍ਰਾਫਿਕ ਸੇਵਾਵਾਂ

- ਬੰਦਰਗਾਹ ਨਿਯੰਤਰਣ - ਬੰਦਰਗਾਹ ਦਾ ਸੰਚਾਲਨ, ਨੇਵੀਗੇਸ਼ਨਲ ਸੁਰੱਖਿਆ, ਸਮੁੰਦਰੀ ਐਮਰਜੈਂਸੀ, ਖੋਜ ਅਤੇ ਬਚਾਅ ਤਾਲਮੇਲ, ਲਾਈਸੈਂਸਿੰਗ ਅਤੇ ਸਥਾਨਕ ਕ੍ਰਾਫਟ ਦਾ ਨਿਯੰਤਰਣ

- ਬਹੁ-ਪੱਖੀ ਨੀਤੀ - ਸਮੁੰਦਰੀ ਹਾਦਸੇ ਦੀ ਜਾਂਚ ਅਤੇ ਨੀਤੀਆਂ, ਮਾਪਦੰਡਾਂ ਤੇ ਨੇਮਾਂ ਦਾ ਨਿਰਧਾਰਣ ਕਰਨਾ

- ਸ਼ਿਪਿੰਗ - ਹਾਂਗ ਕਾਂਗ ਦਾ ਸ਼ਿਪਿੰਗ ਰਜਿਸਟਰ, ਅੰਤਰਰਾਸ਼ਟਰੀ ਸੰਮੇਲਨ ਮਾਪਦੰਡਾਂ ਨੂੰ ਲਾਗੂ ਕਰਨਾ,ਵਿਦੇਸ਼ ਜਾਣ ਵਾਲੇ ਜਹਾਜ਼ਾਂ ਦਾ ਸਰਵੇਖਣ

[1] ਕਿਸੇ ਵਿਅਕਤੀ ਦੇ ਸੰਬੰਧ ਵਿੱਚ ਨਸਲ ਤੋਂ ਭਾਵ ਹੈ, ਰੰਗ, ਵੰਸ਼, ਦੇਸ਼ ਜਾਂ ਨਸਲੀ ਮੂਲ ਨਾਲ ਸੰਬੰਧਤ ਵਿਅਕਤੀ।

- ਸਥਾਨਕ ਜਹਾਜ਼ ਅਤੇ ਮੁਲਾਂਕਣ - ਸਮੁੰਦਰੀ ਉਦਯੋਗਿਕ ਸੁਰੱਖਿਆ, ਸਥਾਨਕ ਜਹਾਜ਼ ਦੀ ਸੁਰੱਖਿਆ ਅਤੇ ਸਰਵੇਖਣ, ਸਥਾਨਕ ਜਹਾਜਾਂ ਦਾ ਨਿਯਮ, ਜਾਂਚ, ਪ੍ਰਮਾਣੀਕਰਣ ਅਤੇ ਸਮੁੰਦਰੀ ਜਹਾਜ਼ਾਂ ਦਾ ਅਨੁਸ਼ਾਸਨ ਅਤੇ

- ਸਰਕਾਰੀ ਬੇੜਾ – ਸਰਕਾਰੀ ਜਹਾਜ਼ਾਂ ਦਾ ਡਿਜ਼ਾਇਨ, ਖਰੀਦ, ਸੰਚਾਲਨ, ਚਾਲਕ ਦਲ ਪ੍ਰਬੰਧਨ ਅਤੇ ਰੱਖ-ਰਖਾਅ।

**ਮੌਜੂਦਾ ਉਪਾਅ**

ਚੀਨੀ ਅਤੇ/ਜਾਂ ਅੰਗਰੇਜ਼ੀ ਵਿੱਚ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਆਮ ਲੋਕਾਂ ਵਿੱਚ ਵੰਡਣ ਲਈ ਉਪਲਬਧ ਪੈਂਫਲੇਟ ਅਤੇ ਜਾਣਕਾਰੀ ਵਾਲੇ ਕਿਤਾਬਚੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਛਾਪੇ ਗਏ ਹਨ। ਇਸ ਤੋਂ ਇਲਾਵਾ ਜਨਤਕ ਸੇਵਾਵਾਂ ਦੀ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਨਸਲਾਂ ਦੇ ਸੇਵਾ ਉਪਭੋਗਤਾ, ਸੈਂਟਰ ਫਾਰ ਹਾਰਮਨੀ ਐਂਡ ਇਨਹੈਂਸਮੈਂਟ ਆਫ ਐਥਨਿਕ ਮਾਈਨੋਰਿਟੀ ਰੈਜ਼ੀਡੈਂਟਸ (CHEER ਸੈਂਟਰ)[2] ਦੁਆਰਾ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਤੋਂ ਇਲਾਵਾ ਮੁਫ਼ਤ ਟੈਲੀਫੋਨ ਵਿਆਖਿਆ ਸੇਵਾ ਅਤੇ ਆਨ-ਸਾਈਟ ਵਿਆਖਿਆ ਸੇਵਾ ਦੀ ਵਰਤੋਂ ਕਰ ਸਕਦੇ ਹਨ। ਉਪਰੋਕਤ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਬਾਰੇ ਪ੍ਰਚਾਰ ਸਮੱਗਰੀ (ਸਮੇਤ ਪੋਸਟਰ, ਕਿਤਾਬਚੇ, ਪੈਂਫਲੇਟ ਅਤੇ ਕਿਊ ਕਾਰਡ) ਵੱਖ-ਵੱਖ ਸੇਵਾ ਇਕਾਈਆਂ ਦੇ ਰਿਸੈਪਸ਼ਨ ਕਾਊਂਟਰਾਂ 'ਤੇ ਰੱਖੀ ਗਈ ਹੈ। ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਲਈ ਸਟਾਫ਼ ਦੀ ਸਮਝ ਵਿੱਚ ਵਾਧਾ ਲਿਆਉਣ ਲਈ ਸਬੰਧਿਤ ਦਿਸ਼ਾ-ਨਿਰਦੇਸ਼ਾਂ ਦਿੱਤੇ ਜਾਂਦੇ ਅਤੇ ਬਕਾਇਦਾ ਤੌਰ 'ਤੇ ਕਿਤਾਬਚੇ ਨੂੰ ਵੰਡਿਆ ਜਾਂਦਾ ਹੈ। ਸਟਾਫ਼ ਦੇ ਮੈਂਬਰਾਂ ਨੂੰ ਬਰਾਬਰ ਦੇ ਮੌਕਿਆਂ ਬਾਰੇ ਸੈਮੀਨਾਰਾਂ ਅਤੇ ਵਰਕਸ਼ਾਪਾਂ ਅਤੇ ਸਿਵਲ ਸਰਵਿਸ ਟ੍ਰੇਨਿੰਗ ਐਂਡ ਡਿਵੈਲਪਮੈਂਟ ਇੰਸਟੀਚਿਊਟ ਵੱਲੋਂ ਆਯੋਜਿਤ ਭੇਦਭਾਵ-ਵਿਰੋਧੀ ਆਰਡੀਨੈਂਸਾਂ ਬਾਰੇ ਸਿਖਲਾਈ ਵਿੱਚ ਹਾਜ਼ਰੀ ਭਰਨ ਲਈ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ ਤਾਂ ਜੋ ਨਸਲੀ ਤੌਰ 'ਤੇ ਸੰਮਿਲਤ ਅਤੇ ਸਦਭਾਵਨਾਪੂਰਨ ਕਾਰਜ ਕਰਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਨਸਲੀ ਸੰਵੇਦਨਸ਼ੀਲਤਾ ਅਤੇ ਸੱਭਿਆਚਾਰਕ ਵਿਭਿੰਨਤਾ ਬਾਰੇ ਉਹਨਾਂ ਦੀ ਜਾਗਰੁਕਤਾ ਵਿੱਚ ਵਾਧਾ ਲਿਆਂਦਾ ਜਾ ਸਕੇ।

**ਭਵਿੱਖ ਦੇ ਕੰਮ ਦਾ ਅਨੁਮਾਨ**

ਜਨਤਕ ਸੇਵਾਵਾਂ ਵਿੱਚ ਲਗਾਤਾਰ ਵਾਧੇ ਅਤੇ ਮੌਕਿਆਂ ਦੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਅੰਕੜਿਆਂ ਦੇ ਰਿਟਰਨ ਦੇ ਸੰਕਲਨ ਦੀ ਸਹੂਲਤ ਲਈ

---

[2] ਸੀ.ਐੱਚ.ਈ.ਈ.ਆਰ. ਸੈਂਟਰ, ਗ੍ਰਿਹ ਵਿਭਾਗ ਦੁਆਰਾ ਮਾਨਤਾ ਪ੍ਰਾਪਤ ਇੱਕ ਗੈਰ-ਸਰਕਾਰੀ ਸੰਸਥਾ ਹੈ। ਇਹ ਭਾਸ਼ਾ ਸਹਾਇਤਾ ਸੇਵਾ ਕੇਂਦਰ ਹੈ, ਜੋ ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਜਨਤਕ ਸੇਵਾਵਾਂ ਤੱਕ ਪਹੁੰਚ ਵਿੱਚ ਸਹਾਇਤਾ ਕਰਦਾ ਹੈ। ਵਧੇਰੇ ਜਾਣਕਾਰੀ ਲਈ, ਦੇਖੋ http://hkcscheer.net

| | |
|---|---|
| | ਭਾਸ਼ਾ (ਵਿਆਖਿਆ/ਅਨੁਵਾਦ) ਸੇਵਾਵਾਂ ਦੀ ਵਿਵਸਥਾ ਦੇ ਸੰਬੰਧ ਵਿੱਚ ਡਾਟਾ ਨਿਯਮਿਤ ਤੌਰ 'ਤੇ ਇਕੱਠਾ ਕੀਤਾ ਜਾਂਦਾ ਹੈ। |
| ਕੀਤੇ ਗਏ ਵਾਧੂ ਉਪਾਅ | ਸਮੁੰਦਰੀ ਵਿਭਾਗ ਕਰਮਚਾਰੀਆਂ ਦੇ ਹਵਾਲੇ ਲਈ ਵਿਭਾਗੀ ਇੰਟਰਾਨੇਟ ਉੱਤੇ ਨਸਲੀ ਵਿਤਕਰੇ ਦੇ ਆਰਡੀਨੈਂਸ- "ਨਸਲੀ ਵਿਤਕਰਾ ਆਰਡੀਨੈਂਸ ਅਤੇ ਮੈਂ" ਦੀ ਕਿਤਾਬ ਅਪਲੋਡ ਕਰੇਗਾ। |

ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਸੰਬੰਧੀ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ, ਕਿਰਪਾ ਕਰਕੇ ਹੇਠ ਲਿਖੇ ਮਾਧਿਅਮਾਂ ਦੁਆਰਾ Ms Athena Liu , ਕਾਰਜਕਾਰੀ ਅਧਿਕਾਰੀ (ਜਨਰਲ ਅਤੇ ਕਮੇਟੀ) ਦੇ ਨਾਲ-ਨਾਲ ਵਿਭਾਗੀ ਨਸਲੀ ਕੋਆਰਡੀਨੇਟਰ ਨਾਲ ਸੰਪਰਕ ਕਰੋ –

| | |
|---|---|
| ਟੈਲੀਫੋਨ ਨੰ: | 2852 4590 |
| ਫੈਕਸ ਨੰ.: | 2541 7194 |
| ਈ-ਮੇਲ: | mdenquiry@mardep.gov.hk |
| ਪਤਾ: | 21/ਐੱਫ, ਮੈਰੀਨ ਡਿਪਾਰਟਮੈਂਟ ਹੈੱਡਕੁਆਟਰ,<br>38 ਪੀਅਰ ਰੋਡ, ਸੈਂਟਰਲ, ਹਾਂਗ ਕਾਂਗ |

**ਸਮੁੰਦਰੀ ਵਿਭਾਗ**
ਮਈ 2023